**ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**ਚੌਥੀ ਮੰਜਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਮੋਹਾਲੀ**
**(ਕੋਆਰਡੀਨੇਸ਼ਨ ਸ਼ਾਖਾ)**

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।
   (ਵੈਬਸਾਈਟ ਰਾਹੀਂ)

ਮੀਮੋ ਨੰ: 15/1-2020 ਕੋ (1)/2020 8086
ਮਿਤੀ: 05.03.2020

**ਵਿਸ਼ਾ:** **ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਲਈ ਬੈਰੀਅਰ-ਫਰੀ ਵਾਤਾਵਰਣ ਪੈਦਾ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਦੇਣ ਸਬੰਧੀ।**

ਹਵਾਲਾ: ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ) ਦਾ ਪੱਤਰ ਨੰ: 3/3/2020-2ਭਸ/119 ਮਿਤੀ 04.02.2020.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

5.3.2020
ਸਹਾਇਕ ਡਾਇਰੈਕਟਰ (ਕੋ. ਸ਼ਾਖਾ)

ਪਿੱ. ਅੰ. ਨੰ: ਉਕਤ ਮਿਤੀ. .03.2020

ਉਤਾਰਾ ਹੇਠ ਲਿਖਿਆ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)
2. ਸਮੂਹ ਅਧਿਕਾਰੀ/ਸ਼ਾਖਾ ਮੁੱਖੀ, ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ।

5.3.2020
ਸਹਾਇਕ ਡਾਇਰੈਕਟਰ (ਕੋ. ਸ਼ਾਖਾ)

ਨੰ. 3/3/2020-2ਡਸ/119

**ਪੰਜਾਬ ਸਰਕਾਰ**

**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ**

**(ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ)**

ਮਿਤੀ, ਚੰਡੀਗੜ੍ਹ, 5/2/2020

ਸੇਵਾ ਵਿਖੇ

1.ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
2.ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ
3.ਰਾਜ ਦੇ ਸਮੂਹ ਡਿਪਟੀ ਕਮਿਸ਼ਨਰ
4.ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ
5.ਰਾਜ ਦੇ ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ
6.ਰਾਜ ਦੇ ਸਮੂਹ ਉਪ ਮੰਡਲ ਮੈਜਿਸਟ੍ਰੇਟ
7.ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨਾਂ

**ਵਿਸ਼ਾ-** **ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਲਈ ਬੈਰੀਅਰ-ਫਰੀ ਵਾਤਾਵਰਣ ਪੈਦਾ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਦੇਣ ਸਬੰਧੀ।**

********

ਮੈਨੂੰ ਆਪ ਜੀ ਦਾ ਧਿਆਨ ਇਸ ਵਿਭਾਗ ਦੇ ਪੱਤਰ ਨੰ. 7/25/2002/5ਸਸ/3529, ਮਿਤੀ 05.09.2002, ਜਿਸ ਰਾਹੀਂ ਦਿਵਿਆਂਗ ਕਰਮਚਾਰੀਆਂ ਲਈ ਬੈਰੀਅਰ ਫਰੀ ਵਾਤਾਵਰਣ ਪੈਦਾ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਦੇਣ ਸਬੰਧੀ ਕੁੱਝ ਫੈਸਲੇ ਕੀਤੇ ਗਏ ਸਨ ਵੱਲ ਅਤੇ ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ, 2016 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ।

2. ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ, 2016 ਦੀ ਧਾਰਾ 3 ਵਿਚ (ਸਮਾਨਤਾ ਅਤੇ ਗੈਰ-ਵਿਤਕਰਾ) ਅਤੇ ਧਾਰਾ 20 ਵਿਚ (ਰੁਜ਼ਗਾਰ ਵਿਚ ਗੈਰ-ਵਿਤਕਰਾ) ਸਬੰਧੀ ਕੀਤੇ ਉਪਬੰਧਾਂ ਅਨੁਸਾਰ ਸਮੂਹ ਵਿਭਾਗਾਂ ਨੂੰ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ-

i. ਇਹ ਯਕੀਨੀ ਬਣਾਇਆ ਜਾਵੇ ਕਿ ਦਿਵਿਆਂਗ ਅਧਿਕਾਰੀ/ਕਰਮਚਾਰੀ ਵੀ ਹੋਰਾਂ ਦੇ ਨਾਲ ਸਮਾਨ ਰੂਪ ਵਿਚ ਬਰਾਬਰਤਾ ਦਾ ਅਧਿਕਾਰ, ਸਨਮਾਨਪੂਰਵਕ ਜੀਵਨ ਅਤੇ ਉਨ੍ਹਾਂ ਪ੍ਰਤੀ ਆਦਰ ਅਤੇ ਸਤਿਕਾਰ ਨੂੰ ਮਾਣਨ।

ii. ਦਿਵਿਆਂਗ ਅਧਿਕਾਰੀ/ਕਰਮਚਾਰੀ ਦੀ ਸਮਰੱਥਾ ਦੀ ਵਰਤੋਂ ਕਰਨ ਲਈ ਉਚਿਤ ਵਾਤਾਵਰਣ ਮੁਹੱਈਆ ਕਰਵਾਉਂਦੇ ਹੋਏ ਉਨ੍ਹਾਂ ਦੀ ਤੈਨਾਤੀ ਅਜਿਹੀ ਥਾਂ ਤੇ ਕੀਤੀ ਜਾਵੇ ਜਿਥੇ ਉਨ੍ਹਾਂ ਨੂੰ ਆਉਣ ਜਾਣ ਵਿਚ ਸੌਖ ਹੋਵੇ।

iii. ਦਿਵਿਆਂਗਤਾ ਦੇ ਅਧਾਰ ਤੇ ਕਿਸੇ ਵੀ ਦਿਵਿਆਂਗ ਅਧਿਕਾਰੀ/ਕਰਮਚਾਰੀ ਨਾਲ ਕੋਈ ਵਿਤਕਰਾ ਨਾ ਕੀਤਾ ਜਾਵੇ ਜਦੋਂ ਤੱਕ ਕਿ ਇਹ ਨਹੀਂ ਦਰਸਾਇਆ ਜਾਂਦਾ ਕਿ ਇਤਰਾਜ਼ਯੋਗ ਕੰਮ ਜਾਂ ਅਣਗਹਿਲੀ ਉਚਿਤ ਮੰਤਵ ਨੂੰ ਪ੍ਰਾਪਤ ਕਰਨ ਦਾ ਅਨੁਪਾਤੀ ਸਾਧਨ ਹੈ।

iv. ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਸਿਰਫ ਦਿਵਿਆਂਗਤਾ ਦੇ ਕਾਰਣ ਉਸ ਦੀ ਨਿੱਜੀ ਸੁਤੰਤਰਤਾ ਤੋਂ ਵਾਂਝਾ ਨਾ ਰੱਖਿਆ ਜਾਵੇ।

v. ਦਿਵਿਆਂਗ ਅਧਿਕਾਰੀ/ਕਰਮਚਾਰੀ ਨੂੰ ਉਚਿਤ ਸੁਵਿਧਾ ਦੇਣ ਨੂੰ ਯਕੀਨੀ ਬਣਾਇਆ ਜਾਵੇ।

vi. ਕੋਈ ਸਰਕਾਰੀ ਅਦਾਰਾ ਜਾਂ ਸੰਸਥਾ ਦਿਵਿਆਂਗ ਅਧਿਕਾਰੀ/ਕਰਮਚਾਰੀ ਨਾਲ ਰੁਜ਼ਗਾਰ ਨਾਲ ਸਬੰਧਤ ਕਿਸੇ ਵੀ ਮਾਮਲੇ ਵਿਚ ਵਿਤਕਰਾ ਨਾ ਕਰੇ:

ਬਸ਼ਰਤੇ ਕਿ ਸਬੰਧਤ ਸਰਕਾਰ ਕਿਸੇ ਅਦਾਰੇ ਵਿਚ ਕੀਤੇ ਜਾਂਦੇ ਕਾਰਜ ਦੀ ਕਿਸਮ ਜਾਂ ਪ੍ਰਵਿਰਤੀ ਦੇ ਕਾਰਣ, ਅਧਿਸੂਚਨਾ ਰਾਹੀਂ ਅਤੇ ਅਜਿਹੀਆਂ ਸ਼ਰਤਾਂ, ਜੇਕਰ ਕੋਈ ਹਨ, ਤਹਿਤ ਇਸ ਧਾਰਾ ਦੇ ਉਪਬੰਧਾਂ ਤੋਂ ਸੰਸਥਾ ਜਾਂ ਅਦਾਰੇ ਨੂੰ ਛੋਟ ਦੇ ਸਕਦੀ ਹੈ।

vii. ਹਰੇਕ ਸਰਕਾਰੀ ਅਦਾਰਾ ਜਾਂ ਸੰਸਥਾ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਨੂੰ ਉਚਿਤ ਸੁਵਿਧਾ ਅਤੇ ਰੁਕਾਵਟ ਮੁਕਤ ਅਤੇ ਪ੍ਰੋਤਸਾਹਨ ਭਰਪੂਰ ਵਾਤਾਵਰਣ ਮੁਹੱਈਆ ਕਰੇਗਾ।

viii. ਸਿਰਫ ਦਿਵਿਆਂਗਤਾਂ ਦੇ ਆਧਾਰ ਤੇ ਕਿਸੇ ਅਧਿਕਾਰੀ/ਕਰਮਚਾਰੀ ਨੂੰ ਤਰੱਕੀ ਤੋਂ ਵਾਂਝਾ ਨਾ ਰੱਖਿਆ ਜਾਵੇ।

ix. ਕੋਈ ਵੀ ਸਰਕਾਰੀ ਅਦਾਰਾ ਜਾਂ ਸੰਸਥਾ ਉਸ ਅਧਿਕਾਰੀ/ਕਰਮਚਾਰੀ ਜਿਹੜਾ ਕਿ ਸਰਵਿਸ ਦੌਰਾਨ ਦਿਵਿਆਂਗ ਹੋਇਆ ਹੈ, ਨੂੰ ਹੇਠਲੇ ਰੁਤਬੇ ਤੇ ਰੀਵਰਟ ਨਹੀਂ ਕਰ ਸਕਦਾ ਭਾਵ ਉਸਦਾ ਰੈਂਕ ਨਹੀਂ ਘਟਾ ਸਕਦਾ।

ਬਸ਼ਰਤੇ ਕਿ ਜੇਕਰ ਦਿਵਿਆਂਗਤਾ ਤੋਂ ਬਾਅਦ ਅਧਿਕਾਰੀ/ਕਰਮਚਾਰੀ ਉਸ ਅਹੁਦੇ ਦੇ ਯੋਗ ਨਹੀਂ ਰਹਿ ਜਾਂਦਾ ਜਿਸ ਤੇ ਕਿ ਉਹ ਸੀ ਤਾਂ ਉਸ ਨੂੰ ਉਸ ਅਹੁਦੇ ਦੇ ਬਰਾਬਰ ਦੇ ਤਨਖਾਹ ਸਕੇਲ ਅਤੇ ਸੇਵਾ ਲਾਭਾਂ ਵਾਲੇ ਕਿਸੇ ਹੋਰ ਅਹੁਦੇ ਤੇ ਅਡਜਸਟ ਕੀਤਾ ਜਾਵੇ।

ਅੱਗੋਂ ਬਸ਼ਰਤੇ ਕਿ ਜੇਕਰ ਉਸ ਨੂੰ ਕਿਸੇ ਵੀ ਅਹੁਦੇ ਤੇ ਅਡਜਸਟ ਕਰਨਾ ਸੰਭਵ ਨਹੀਂ ਹੈ ਤਾਂ ਉਸ ਨੂੰ ਵਾਧੂ ਅਹੁਦੇ ਤੇ ਉਦੋਂ ਤਕ ਰਖਿਆ ਜਾ ਸਕਦਾ ਹੈ ਜਦੋਂ ਤਕ ਕਿ ਉਚਿਤ ਅਹੁਦਾ ਉਪਲਬਧ ਨਹੀਂ ਹੁੰਦਾ ਜਾਂ ਜਦੋਂ ਤਕ ਸੇਵਾ ਨਿਵ੍ਰਿਤੀ ਦੀ ਉਮਰ ਤਕ ਨਹੀਂ ਪੁੱਜ ਜਾਂਦਾ, ਜਿਹੜਾ ਵੀ ਪਹਿਲਾਂ ਹੋਵੇ।

3. ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਪਾਲਣਾ ਨਾ ਕਰਨ ਦੀ ਸੂਰਤ ਵਿਚ ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਅਨੁਸਾਸ਼ਨੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

4. ਇਹ ਹਦਾਇਤਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ।

ਉਪ ਸਕੱਤਰ

ਇਸ ਦਾ ਇਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ. 3/3/2020-2ਡਸ/120 ਮਿਤੀ,ਚੰਡੀਗੜ੍ਹ, 5/2/2020

ਪਿ.ਅੰ.ਨੰ. 3/3/2020-2ਡਸ/ 121 - 123 ਮਿਤੀ,ਚੰਡੀਗੜ੍ਹ, 5/2/2020

ਇਸ ਦਾ ਇਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਚੇਅਰਮੈਨ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
2. ਚੇਅਰਮੈਨ, ਅਧੀਨ ਸੇਵਾਵਾਂ ਚੋਣ ਬੋਰਡ, ਸੈਕਟਰ 68, ਵਣ ਕੰਪਲੈਕਸ, ਮੋਹਾਲੀ।
3. ਰਜਿਸਟਰਾਰ, ਸਮੂਹ ਯੂਨੀਵਰਸਿਟੀਆਂ ਪੰਜਾਬ ਰਾਜ।

ਉਪ ਸਕੱਤਰ